# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਸ.ਅ.ਸ ਨਗਰ।
## (ਸੈਕੰਡਰੀ ਸਿੱਖਿਆ ਸ਼ਾਖ)

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ
ਸਮੂਹ ਜ਼ਿਲ੍ਹਾ ਸਿਖਿਆ ਅਫਸਰ (ਐ.ਸਿ), ਪੰਜਾਬ
ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ ਪੰਜਾਬ

ਮੀਮੋ ਨੰ. 2/1-2020 ਸੈਸਿ (3)/2020200076
ਮਿਤੀ ਸ.ਅ.ਸ ਨਗਰ 25-08-2020

ਵਿਸ਼ਾ: ਸਕੂਲਾਂ ਨੂੰ ਅਪਗਰੇਡ ਕਰਨ ਸਬੰਧੀ ਆਨ-ਲਾਈਨ ਪੋਰਟਲ ਰਾਹੀਂ ਕਾਰਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਕੂਲ ਮੁੱਖੀ/ਗ੍ਰਾਮ ਪੰਚਾਇਤ ਵੱਲੋਂ ਆਪਣੇ ਹਲਕੇ ਦੇ ਸਬੰਧਤ ਐਮ.ਐਲ.ਏ/ਮੰਤਰੀ ਨੂੰ ਸੰਪਰਕ ਕਰਕੇ ਸਰਕਾਰੀ ਸਕੂਲਾਂ ਨੂੰ ਅਪਗਰੇਡ ਕਰਨ ਲਈ ਆਪਣੀਆਂ ਪ੍ਰਤੀਬੇਨਤੀਆਂ ਸਿਫਾਰਸ਼ਾਂ ਸਮੇਤ ਇਸ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ। ਜਿਸ ਕਰਕੇ ਸਕੂਲ ਮੁਖੀ ਵੱਲੋਂ ਕਾਰਵਾਈ ਕਰਨ ਲਈ ਕਾਫੀ ਸਮਾਂ ਬਰਬਾਦ ਕੀਤਾ ਜਾਂਦਾ ਸੀ। ਇਹਨਾਂ ਸਮੱਸਿਆਵਾਂ ਨੂੰ ਮੁਖ ਰੱਖਦੇ ਹੋਏ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਕੂਲਾਂ ਨੂੰ ਅਪਗ੍ਰੇਡ ਕਰਨ ਲਈ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਸਕੂਲ ਅਪਗ੍ਰੇਡ ਕਰਨ ਸਬੰਧੀ ਵਿਭਾਗ ਵਿੱਚ ਕੇਵਲ online ਪੋਰਟਲ ਰਾਹੀਂ ਹੀ ਸਿਫਾਰਿਸ਼ਾਂ ਪ੍ਰਾਪਤ ਕੀਤੀਆਂ ਜਾਣੀਆਂ ਹਨ। ਸਕੂਲ ਅਪਗ੍ਰੇਡ ਕਰਨ ਸਬੰਧੀ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੋਵੇਗੀ:-

1.0 ਇਸ ਸਾਫਟਵੇਅਰ ਦੀ ਮਦਦ ਨਾਲ ਹੁਣ ਸਕੂਲ ਮੁਖੀ ਸਿੱਧੇ ਤੌਰ ਤੇ ਆਪਣੇ login-id ਵਿਚੋਂ ਸਕੂਲ ਦਾ ਪੱਧਰ ਵਧਾਉਣ ਲਈ ਅਪਲਾਈ ਕਰ ਸਕਣਗੇ।

2.0 ਇਸ ਪ੍ਰਕਿਰਿਆ ਸਬੰਧੀ ਪੋਰਟਲ ਤੋਂ ਪ੍ਰਾਪਤ ਹੋਈ ਸਕੂਲ ਅਪਗ੍ਰੇਡੇਸ਼ਨ ਦੀ ਪ੍ਰਤੀਬੇਨਤੀ ਜ਼ਿਲ੍ਹਾ ਸਿੱਖਿਆ ਅਫਸਰ ਵਿਖੇ ਪੋਰਟਲ ਮੈਨੇਜਰ ਨੂੰ ਜਾਵੇਗੀ।

3.0 ਜ਼ਿਲ੍ਹਾ ਸਿੱਖਿਆ ਅਫਸਰ ਸਕੂਲ ਮੁਖੀਆਂ ਵੱਲੋਂ ਪ੍ਰਾਪਤ ਸਕੂਲ ਅਪਗਰੇਡ ਕਰਨ ਸਬੰਧੀ ਕੇਸ ਨੂੰ ਸਰਕਾਰ ਦੀ ਅਪਗ੍ਰੇਡੇਸ਼ਨ ਪਾਲਿਸੀ ਤਹਿਤ ਵਾਚਣ ਉਪਰੰਤ ਆਪਣੀ ਸਿਫਾਰਿਸ਼ ਟਿੱਪਣੀ ਸਹਿਤ ਮੁੱਖ ਦਫਤਰ ਵਿਖੇ ਪੋਰਟਲ ਰਾਹੀਂ ਭੇਜਣਗੇ।

4.0 ਮੁੱਖ ਦਫਤਰ ਵਿਖੇ ਪ੍ਰਾਪਤ ਹੋਈ online ਪ੍ਰਤੀਬੇਨਤੀ ਨੂੰ ਵਿਭਾਗ ਵਲੋਂ ਵਾਚਣ ਉਪਰੰਤ ਉਸ ਤੇ ਨਿਯਮਾਂ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ. ਉਕਤ ਮਿਤੀ ਸ.ਅ.ਸ ਨਗਰ

ਉਤਾਰਾ ਡੀ.ਪੀ.ਆਈ. (ਸੈ.ਸਿ), ਪੰਜਾਬ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਸਕੂਲ ਸਿੱਖਿਆ